# Official Spokesperson's response to media queries regarding recent statement by General Secretariat of the OIC

June 06, 2022

....................

## OIC ਜਨਰਲ ਸਕੱਤਰੇਤ ਦੇ ਤਾਜ਼ਾ ਬਿਆਨ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

**6 ਜੂਨ, 2022**

OIC ਜਨਰਲ ਸਕੱਤਰੇਤ ਦੇ ਤਾਜ਼ਾ ਬਿਆਨ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ:

"ਅਸੀਂ ਇਸਲਾਮਿਕ ਸਹਿਯੋਗ ਸੰਗਠਨ (OIC) ਦੇ ਜਨਰਲ ਸਕੱਤਰੇਤ ਵੱਲੋਂ ਭਾਰਤ ਬਾਰੇ ਜਾਰੀ ਬਿਆਨ ਪੜ੍ਹਿਆ ਹੈ।

ਭਾਰਤ ਸਰਕਾਰ OIC ਸਕੱਤਰੇਤ ਦੀਆਂ ਗੈਰ-ਵਾਜਬ ਅਤੇ ਤੰਗ ਸੋਚਣੀ ਵਾਲੀਆਂ ਟਿੱਪਣੀਆਂ ਨੂੰ ਸਪੱਸ਼ਟ ਰੂਪ 'ਚ ਖਾਰਿਜ ਕਰਦੀ ਹੈ।

ਭਾਰਤ ਸਰਕਾਰ ਸਾਰੇ ਧਰਮਾਂ ਨੂੰ ਵੱਧੋ ਵੱਧ ਸਤਿਕਾਰ ਦਿੰਦੀ ਹੈ।

ਕਿਸੇ ਧਾਰਮਿਕ ਸ਼ਖਸੀਅਤ ਦਾ ਅਪਮਾਨ ਕਰਨ ਵਾਲੇ ਅਪਮਾਨਜਨਕ ਟਵੀਟ ਅਤੇ ਟਿੱਪਣੀਆਂ ਕੁਝ ਵਿਅਕਤੀਆਂ ਦੁਆਰਾ ਕੀਤੀਆਂ ਗਈਆਂ ਸਨ। ਕਿਸੇ ਵੀ ਤਰੀਕੇ ਨਾਲ ਇਹ ਬਿਆਨ ਭਾਰਤ ਸਰਕਾਰ ਦੇ ਵਿਚਾਰਾਂ ਨੂੰ ਨਹੀਂ ਦਰਸਾਉਂਦੇ। ਸਬੰਧਤ ਸੰਸਥਾਵਾਂ ਵੱਲੋਂ ਇਨ੍ਹਾਂ ਵਿਅਕਤੀਆਂ ਖ਼ਿਲਾਫ਼ ਪਹਿਲਾਂ ਹੀ ਸਖ਼ਤ ਕਾਰਵਾਈ ਕੀਤੀ ਜਾ ਚੁੱਕੀ ਹੈ।

ਇਹ ਗੱਲ ਅਫਸੋਸਨਾਕ ਹੈ ਕਿ OIC ਸਕੱਤਰੇਤ ਨੇ ਫਿਰ ਤੋਂ ਪ੍ਰੇਰਿਤ, ਗੁੰਮਰਾਹਕੁੰਨ ਅਤੇ ਸ਼ਰਾਰਤੀ ਟਿੱਪਣੀਆਂ ਕੀਤੀਆਂ ਹਨ। ਇਹ ਗੱਲ ਸਿਰਫ਼ ਆਪਣੇ ਸਵਾਰਥਾਂ ਦੇ ਤਹਿਤ ਕੀਤੇ ਜਾ ਰਹੇ ਵੰਡਵਾਦੀ ਏਜੰਡੇ ਦਾ ਪਰਦਾਫਾਸ਼ ਕਰਦੀ ਹੈ।

ਅਸੀਂ OIC ਸਕੱਤਰੇਤ ਨੂੰ ਆਪਣੇ ਫਿਰਕੂ ਨਜ਼ਰੀਏ ਤੇ ਠੱਲ ਪਾਉਣ ਅਤੇ ਸਾਰੇ ਧਰਮਾਂ ਅਤੇ ਅਕੀਦਿਆਂ ਦਾ ਸਤਿਕਾਰ ਕਰਨ ਦੀ ਅਪੀਲ ਕਰਾਂਗੇ।"

ਨਵੀਂ ਦਿੱਲੀ
6 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.